Directorate Of Education, GNCT Of Delhi
Practice Paper 9
Session-2025-26
Class-IX
Subject- Punjabi (004)

Maximum Marks-80

Time - 3 hrs

| ਆਮ ਨਿਰਦੇਸ਼ |
|---|
| * ਸਾਰੇ ਪ੍ਰਸ਼ਨ ਲਾਜ਼ਮੀ ਹਨ।ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ। |
| * ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ। |
| * ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ। |

## ਭਾਗ ਪਹਿਲਾ

### ਪੜਨ ਕੌਸ਼ਲ (Part-1 Reading Skill)

ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6

1. **ਪਰਮਾਤਮਾ ਨੇ ਦੁਨੀਆ ਬਣਾਈ। ਸਭ ਨੂੰ ਦੁਨੀਆ ਵੇਖਣ ਦਾ ਮੌਕਾ ਬਖ਼ਸ਼ਿਆ। ਕਿਸੇ ਔਰਤ-ਮਰਦ, ਵੱਡੇ-ਛੋਟੇ ਜਾਂ ਅਮੀਰ-ਗ਼ਰੀਬ ਦਾ ਭੇਦ-ਭਾਵ ਕੀਤੇ ਬਿਨਾਂ ਸਭ ਨੂੰ ਜਿਊਣ ਦਾ ਬਰਾਬਰ ਮੌਕਾ ਦਿੱਤਾ। ਪਰ ਦੁਨੀਆ ਹਰੇਕ ਚੀਜ਼ ਵਿੱਚ ਆਪਣਾ ਲਾਭ ਦੇਖਣ ਲੱਗ ਪੈਂਦੀ ਹੈ ਅਤੇ ਭੇਦ-ਭਾਵ ਕਰਨਾ ਸ਼ੁਰੂ ਕਰ ਦਿੰਦੀ ਹੈ। ਇਹੋ ਜਿਹੀ ਇੱਕ ਸੋਚ ਹੈ ਮਾਦਾ ਭਰੂਣ-ਹੱਤਿਆ। ਲੜਕੀ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣਾ ਤਾਂ ਜੋ ਘਰ ਵਿੱਚ ਸਿਰਫ਼ ਪੁੱਤਰ ਹੀ ਪੈਦਾ ਹੋਣ, ਵੰਸ਼ ਅੱਗੇ ਚੱਲੇ, ਕਮਾਈ ਦਾ ਸਾਧਨ ਬਣਿਆ**

**ਰਹੇ। ਇਹ ਸੋਚ ਹੀ ਹੈ ਜੋ ਮਾਦਾ ਭਰੂਣ-ਹੱਤਿਆ ਜਿਹੇ ਪਾਪ ਕਰਵਾਉਂਦੀ ਹੈ। ਪਰ ਇਹ ਬਹੁਤ ਹੀ ਘਟੀਆ ਸੋਚ ਹੈ। ਇਸ ਤਰ੍ਹਾਂ ਜੇ ਕੁੜੀਆਂ ਦਾ ਅੰਤ ਕੀਤਾ ਜਾਂਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਦੇਸ ਵਿੱਚ ਵਿਆਹ ਲਈ ਕੁੜੀਆਂ ਹੀ ਨਹੀਂ ਬਚਣਗੀਆਂ। ਇਸ ਪਾਪ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਜਿਹੜੇ ਇਹ ਪਾਪ ਕਰਦੇ ਹਨ ਉਹਨਾਂ ਨੂੰ ਸਜ਼ਾ ਦੇਣੀ ਵੀ ਜ਼ਰੂਰੀ ਹੈ**

1. ਪਰਮਾਤਮਾ ਨੇ ਸਭ ਨੂੰ ਕੀ ਦਿੱਤਾ?

ੳ) ਖਾਣ-ਪੀਣ ਦਾ ਸਾਧਨ

ਅ) ਘਰ ਬਣਾਉਣ ਦੀ ਤਾਕਤ

ੲ) ਧਨ-ਦੌਲਤ

ਸ) ਦੁਨੀਆ ਵੇਖਣ ਦਾ ਮੌਕਾ

2. ਦੁਨੀਆ ਨੇ ਕੀ ਕਰਨਾ ਸ਼ੁਰੂ ਕਰ ਦਿੱਤਾ?

ੳ)ਸਭ ਨਾਲ ਪਿਆਰ ਕਰਨਾ

ਅ) ਸਭ ਦੀ ਮਦਦ ਕਰਨਾ

ੲ) ਆਪਣਾ ਲਾਭ ਦੇਖਣਾ ਅਤੇ ਭੇਦ-ਭਾਵ ਕਰਨਾ

ਸ) ਸਭ ਨੂੰ ਇਕਸਾਰ ਮੰਨਣਾ

3. ਮਾਦਾ ਭਰੂਣ-ਹੱਤਿਆ ਤੋਂ ਕੀ ਭਾਵ ਹੈ?

ੳ) ਲੜਕੀ ਨੂੰ ਜਨਮ ਤੋਂ ਪਹਿਲਾਂ ਮਾਰ ਦੇਣਾ

ਅ) ਜਾਨਵਰਾਂ ਨੂੰ ਮਾਰਨਾ

ੲ) ਕਿਸੇ ਦਾ ਧਨ ਚੋਰੀ ਕਰਨਾ

ਸ) ਵੱਡਿਆਂ ਦੀ ਅਣਸੁਣੀ ਕਰਨੀ

4. ਲੋਕ ਮਾਦਾ ਭਰੂਣ-ਹੱਤਿਆ ਕਿਉਂ ਕਰਦੇ ਹਨ?

ੳ)ਕਿਉਂਕਿ ਉਹਨਾਂ ਨੂੰ ਕੁੜੀਆਂ ਪਸੰਦ ਨਹੀਂ

ਅ)ਕਿਉਂਕਿ ਉਹ ਪੁੱਤਰ ਚਾਹੁੰਦੇ ਹਨ

ੲ) ਕਿਉਂਕਿ ਉਹ ਕਾਨੂੰਨ ਤੋਂ ਡਰਦੇ ਹਨ

ਸ) ਕਿਉਂਕਿ ਉਹ ਧਾਰਮਿਕ ਹਨ

5. ਜੇ ਕੁੜੀਆਂ ਨੂੰ ਮਾਰਿਆ ਜਾਂਦਾ ਰਿਹਾ ਤਾਂ ਕੀ ਹੋਵੇਗਾ?

ੳ) ਦੇਸ ਵਿੱਚ ਅਮਨ ਹੋ ਜਾਵੇਗਾ

ਅ) ਪੁੱਤਰਾਂ ਦੀ ਗਿਣਤੀ ਘਟ ਜਾਵੇਗੀ

ੲ) ਵਿਆਹ ਲਈ ਕੁੜੀਆਂ ਨਹੀਂ ਬਚਣਗੀਆਂ

ਸ) ਸਭ ਖੁਸ਼ ਰਹਿਣਗੇ

6. ਮਾਦਾ ਭਰੂਣ-ਹੱਤਿਆ ਨੂੰ ਰੋਕਣ ਲਈ ਕੀ ਬਣਾਏ ਗਏ ਹਨ?

ੳ) ਸਖ਼ਤ ਕਾਨੂੰਨ

ਅ) ਸਕੂਲ

ੲ) ਹਸਪਤਾਲ

ਸ) ਮੰਦਿਰ

**2.** ਭਲਾ ਹੁੰਦਾ ਏ ਆਪਣਾ ਦੇਸ਼, 4x1=4

ਆਪਣੀ ਬੋਲੀ ਆਪਣਾ ਵੇਸ,

ਜੰਮ-ਜੰਮ ਜਾਵੋ ਦੇਸ਼-ਬਦੇਸ਼,

ਪਰ ਨਾ ਲਾਉਣਾ ਵਤਨ ਨੂੰ ਠੇਸ।

ਹੋਰ ਬੋਲੀਆਂ ਵੀ ਰੱਜ-ਰੱਜ ਸਿੱਖੋ,

ਪਰ ਮਾਂ ਨੂੰ ਚਿੱਤ ਵਸਾਓ ਜੀ।

1. ਕਵੀ ਨੂੰ ਸਭ ਤੋਂ ਭਲਾ ਕੀ ਲੱਗਦਾ ਹੈ?
2. ਕਵੀ ਨੇ ਕਿਹੜੀਆਂ ਦੋ ਚੀਜ਼ਾਂ ਆਪਣੀਆਂ ਦੱਸੀਆਂ ਹਨ?
3. ਵਿਦੇਸ਼ ਜਾ ਕੇ ਕਵੀ ਕਿਸ ਗੱਲ ਤੋਂ ਮਨ੍ਹਾਂ ਕਰਦਾ ਹੈ?
4. ਕਵੀ ਹੋਰ ਬੋਲੀਆਂ ਸਿੱਖਣ ਬਾਰੇ ਕੀ ਕਹਿੰਦਾ ਹੈ?

## ਭਾਗ-ਅ (ਵਿਆਕਰਨ)

**3.**ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) । 2x1=2

(i) 'ਸਿਆਣਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ-

(ੳ) ਨਿਆਣਾ

(ਅ) ਮੂਰਖ

(ੲ) ਨੇਤਾ

(ਸ) ਛੋਟਾ

ii) ‘ਹਾਜ਼ਰ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ–

(ੳ) ਗ਼ੈਰ-ਹਾਜ਼ਰ

(ਅ) ਹਾਜ਼ਰੀ

(ੲ) ਪਹੁੰਚਣਾ

(ਸ) ਪੁੱਜਣਾ

(iii) 'ਇਨਸਾਨ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਉੱਤੇ ਵਿਕਲਪਾਂ ਵਿੱਚੋਂ ਚੁਣੋ–

(ੳ) ਇਨਸਾਨੀਅਤ

(ਅ) ਮਨੁੱਖਤਾ

(ੲ) ਹੈਵਾਨ

(ਸ) ਮਾਨਵਤਾ

**4.**ਲਿੰਗ ਬਦਲੇ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ 2x1=2

(i) 'ਨਰ' ਦਾ ਇਸਤਰੀ ਲਿੰਗ ਚੁਣੋ-

(ੳ) ਨੀਰ

(ਅ) ਨਰੀ

(ੲ) ਨੀਰੀ

(ਸ) ਮਾਦਾ

(ii) 'ਗੱਭਰੂ' ਸ਼ਬਦ ਦਾ ਇਸਤਰੀ ਲਿੰਗ ਚੁਣੋ -

(ੳ) ਗੱਭਰੀ

(ਅ) ਗੱਭਰੂਆਣੀ

(ੲ) ਮੁਟਿਆਰ

(ਸ) ਕੁੜੀ

iii) 'ਟੋਕਰਾ' ਸ਼ਬਦ ਦੀ ਲਿੰਗ ਬਦਲੀ ਚੁਣੋ –

(ੳ) ਟੋਕਰ

(ਅ) ਟੋਕਰੀ

(ੲ) ਟੋਕਰਾਣੀ

(ਸ) ਟੋਕਰਆਣੀ

**5.**ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2

i) ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਫਿਟਕਾਰ-ਵਾਚਕ ਵਿਸਮਿਕ ਦਾ ਉਦਾਹਰਨ ਹੈ?

ੳ) ਠਹਿਰ ਜਰਾ

ਅ) ਆਓ ਜੀ

ੲ) ਕਾਸ਼

ਸ) ਬੇ-ਸ਼ਰਮਾ

ii) ਕਾਸ਼! ਹੇ ਦਾਤਾ! ਜੇ ਕਿਤੇ! ਕਿਸ ਕਿਸਮ ਦੇ ਵਿਸਮਿਕ ਹਨ?

ੳ) ਇੱਛਾ- ਵਾਚਕ ਵਿਸਮਿਕ

ਅ) ਅਸੀਸ- ਵਾਚਕ ਵਿਸਮਿਕ

ੲ) ਸਤਿਕਾਰ- ਵਾਚਕ ਵਿਸਮਿਕ

ਸ) ਹੈਰਾਨੀ- ਵਾਚਕ ਵਿਸਮਿਕ

iii) ਵਿਸਮਿਕ ਸ਼ਬਦ ਚੁਣੋ :

(ੳ) ਦਾ, ਦੇ, ਦੀ

(ਅ) ਕੀ, ਅੜਿਆ, ਕਾਸ਼, ਸ਼ਾਬਾਸ਼, ਬੱਲੇ-ਬੱਲੇ

(ੲ) ਪਰ, ਕਿਉਂਕਿ

(ਸ) ਤੇ, ਅਤੇ

**6.**ਸ਼ਬਦ ਸ਼ੁੱਧੀ 2x1=2

ਹੇਠ ਦਿੱਤੇ ਵਾਕਾਂ ਵਿੱਚੋਂ ਲਕੀਰੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ (ਕੋਈ ਦੋ)

i) ਕੁੜੀ <u>ਖੇਡ</u> ਰਹੀ ਸੀ ।

ii) ਸ਼ੇਰ <u>ਜੰਨਗਲੀ</u> ਜਾਨਵਰ ਹੈ।

iii) ਰਮਨ <u>ਮੇਅਰਾ</u> ਮਿੱਤਰ ਸੀ।

**7.** ਕਿਰਿਆ (ਛੋਟੇ ਉੱਤਰ ਵਾਲੇ ਪ੍ਰਸ਼ਨ) (ਕੋਈ ਦੋ) 2x1=2

(i) ਕਿਰਿਆ ਕਿਸਨੂੰ ਆਖਦੇ ਹਨ?

(ii) ਜਿਸ ਕਿਰਿਆ ਵਿੱਚ ਕਰਮ ਨਾ ਹੋਵੇ, ਉਹ ਕਿਰਿਆ ਕੀ ਅਖਵਾਉਂਦੀ ਹੈ?

(iii) ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ? ਉਦਾਹਰਨਾਂ ਸਹਿਤ ਲਿਖੋ |

**8.**ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪਸ਼ਟ ਕਰੋ। 2x1=2

ਉਜਾੜ ਮੱਲਣੀ, ਅੱਖਾਂ ਉੱਤੇ ਬਿਠਾਉਣਾ, ਇੱਟ ਖੜੱਕਾ ਲਾਈ ਰੱਖਣਾ, ਸਿਰ-ਧੜ ਦੀ ਬਾਜ਼ੀ ਲਾਉਣਾ

ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)

**9.**ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ। 1x8=8

(i) ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ ਜਾਂ ਵਾਰਸ ਜਾਂ ਸ਼ਾਹ ਨਾ ਆਦਤਾਂ ਜਾਂਦੀਆਂ ਨੇ...
ਨੁਕਤੇ : (* ਭੂਮਿਕਾ* ਆਦਤ ਅਤੇ ਆਚਰਨ •ਆਦਤਾਂ ਦਾ ਮੁੱਢ* ਆਦਤਾਂ ਦਾ ਪੱਕਣਾ •ਬਲਵਾਨ ਇੱਛਾ ਅਤੇ ਆਦਤਾਂ •ਆਦਤਾਂ ਅਤੇ ਮਨੁੱਖੀ ਸੁਭਾਅ • ਸਾਰਾਂਸ਼ )

(ii) ਰੁੱਖਾਂ ਦੇ ਲਾਭ
ਨੁਕਤੇ : (• ਭੂਮਿਕਾ • ਰੁੱਖ ਕੁਦਰਤ ਦਾ ਵਰਦਾਨ • ਰੁੱਖ ਸਾਡੇ ਸੱਭਿਆਚਾਰ ਦਾ ਅੰਗ • ਰੁੱਖਾਂ ਦਾ ਲੋਕ-ਗੀਤਾਂ ਵਿੱਚ ਜ਼ਿਕਰ • ਰੁੱਖਾਂ ਦੇ ਲਾਭ • ਸਾਰਾਂਸ਼ )

(iii) ਫ਼ਾਸਟ ਫ਼ੂਡ ਦੇ ਨੁਕਸਾਨ
ਨੁਕਤੇ : (• ਭੂਮਿਕਾ • ਫ਼ਾਸਟ ਫ਼ੂਡ ਤੋਂ ਭਾਵ • ਫ਼ਾਸਟ ਫ਼ੂਡ ਦੀ ਅਹਿਮੀਅਤ • ਫ਼ਾਸਟ ਫ਼ੂਡ ਦੇ ਨੁਕਸਾਨ • ਫ਼ਾਸਟ ਫ਼ੂਡ ਦੀ ਘੱਟ ਵਰਤੋਂ • ਸਾਰਾਂਸ਼)

**10** (i) ਆਪਣੇ ਪਿਤਾ ਜੀ ਨੂੰ ਪੱਤਰ ਰਾਹੀਂ ਆਪਣਾ ਮਹੀਨੇ ਦਾ ਖ਼ਰਚਾ ਵਧਾਉਣ ਲਈ ਲਿਖੋ। 1x6=6

(ਨੁਕਤੇ- ਖਰਚਾ ਵਧਾ ਦੇਵੋ, ਘਰ ਦੀ ਮਾੜੀ ਆਰਥਿਕਤਾ ਦਾ ਅਹਿਸਾਸ, ਮਹਿੰਗਾਈ 'ਚ ਗੁਜ਼ਾਰਾ ਔਖਾ, ਉਧਾਰ ਫੜ ਕੇ ਗੁਜ਼ਾਰਾ, ਪੜ੍ਹਾਈ ਖਤਮ ਹੋਣ ਮਗਰੋਂ, ਪੈਸੇ ਕਮਾ ਲਵਾਂਗਾ)

ਜਾਂ

(ii) ਤੁਹਾਡੇ ਇਲਾਕੇ ਵਿੱਚ ਮਲੇਰੀਆ ਫੈਲ ਗਿਆ ਹੈ। ਸਿਵਲ-ਸਰਜਨ ਨੂੰ ਰੋਕਥਾਮ ਲਈ ਪੱਤਰ ਲਿਖੋ।
(ਨੁਕਤੇ :- ਮਲੇਰੀਏ ਦਾ ਫੈਲਣਾ, ਬਰਸਾਤ ਦੇ ਪਾਣੀ ਦਾ ਨਿਕਾਸ ਨਹੀਂ, ਮੱਛਰ ਦਾ ਪੈਦਾ ਹੋਣਾ, ਤੇਜ਼ ਬੁਖ਼ਾਰ, ਕਈ ਮੌਤਾਂ. ਲੋਕਾਂ 'ਚ ਬੇਚੈਨੀ, ਡਾਕਟਰਾਂ ਦੀ ਟੀਮ ਭੇਜਣਾ, ਦਵਾਈਆਂ ਦਾ ਪ੍ਰਬੰਧ, ਮੱਛਰ ਮਾਰਨ ਵਾਲੀ ਦਵਾਈ ਦਾ ਛਿੜਕਾਅ )

**11.** ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ 1x4=4



ਨੋਟ-ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ ਨੇਤਰਹੀਣ ਵਿਦਿਆਰਥੀਆਂ ਲਈ ਹੈ।

ਕੰਮ ਨੂੰ ਸਹੀ ਸਮੇਂ ਤੇ ਕਰਨ ਦੇ ਕੀ ਲਾਭ ਹਨ? ਇਸ ਬਾਰੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ

ਭਾਗ ਸ (ਪਾਠ- ਪੁਸਤਕ ਤੇ ਅਧਾਰਤ ਪ੍ਰਸ਼ਨ)

**12** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5x1=5

1) ਬੱਸ ਕੰਡਕਟਰ ਕਹਾਣੀ ਦਾ ਲੇਖਕ ਕੌਣ ਹੈ ?

(ੳ) ਡਾ. ਦਲੀਪ ਕੌਰ ਟਿਵਾਣਾ

(ਅ) ਨਵਤੇਜ ਸਿੰਘ

(ੲ) ਸਵਿੰਦਰ ਸਿੰਘ ਉੱਪਲ

(ਸ) ਨੌਰੰਗ ਸਿੰਘ

2) ਜੋਤੀ ਘਰ ਕਿਸ ਨਾਲ ਵਾਪਸ ਆਇਆ ਸੀ ?

(ੳ) ਭੈਣ ਨਾਲ

(ਅ) ਅਧਿਆਪਕਾ ਨਾਲ

(ੲ) ਦੋਸਤਾਂ ਨਾਲ

(ਸ) ਪ੍ਰਿੰਸੀਪਲ ਨਾਲ

3) ਕਪੂਰ ਸਿੰਘ ਦੇ ਪਿੰਡ ਦਾ ਸਰਪੰਚ ਕੌਣ ਸੀ ?

(ੳ) ਧਰਮ ਸਿੰਘ

(ਅ) ਧੰਮਾ ਸਿੰਘ

(ੲ) ਰਾਮ ਸਿੰਘ

(ਸ) ਕਰਮ ਸਿੰਘ

4) ਬੇਬੇ ਪਾਣੀ ਭਰਨ ਲਈ ਕਿੱਥੇ ਜਾਂਦੀ ਹੁੰਦੀ ਸੀ ?

(ੳ) ਟਿਊਬਵੈੱਲ 'ਤੇ

(ਅ) ਦਰਿਆ 'ਤੇ

(ੲ) ਨਹਿਰ 'ਤੇ

(ਸ) ਖੂਹ 'ਤੇ

5) ਬੱਚਿਆਂ ਦੇ ਕੀ ਕਰਨ 'ਚ ਖ਼ੁਸ਼ੀ ਮਿਲਦੀ ਹੈ? 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਲੇਖ ਦੇ ਆਧਾਰ ਤੇ ਦੱਸੋ।

(ੳ) ਬੁਰਾ-ਭਲਾ ਕਹਿਣ

(ਅ) ਗਾਲਾਂ ਕੱਢਣ

(ੲ) ਆਦਰ ਕਰਨ ਵਿੱਚ

(ਸ) ਮਾਰਨ ਵਿੱਚ

6) ਲੇਖਕ ਨੂੰ ਭੇਰਾ ਵੇਖੇ ਕਿੰਨੀ ਦੇਰ ਹੋ ਚੁੱਕੀ ਸੀ ?

(ੳ) ਵੀਹ ਸਾਲ

(ਅ) ਚਾਲੀ ਸਾਲ

(ੲ) ਪੰਜਾਹ ਸਾਲ

(ਸ) ਤੀਹ ਸਾਲ

**13** ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ।)

5x1=5

1 ਪੋਤਰੇ ਕਿਸ ਕੋਲ ਜਾਣ ਲਈ ਦਾਦੀ ਨੂੰ ਪੁੱਛਦੇ ਸਨ ?

(ੳ) ਨਾਨੇ ਕੋਲ

(ਅ) ਦਾਦੇ ਕੋਲ

(ੲ) ਭਰਾਵਾਂ ਕੋਲ

(ਸ) ਦਾਦੀ ਕੋਲ

2 ਕਿਹੜੀ ਤਹਿਜ਼ੀਬ ਨੇ ਆਪਣਾ ਕਬਜ਼ਾ ਕਰ ਲਿਆ ਹੈ ?

(ੳ) ਉੱਤਰੀ

(ਅ) ਦੱਖਣੀ

(ੲ) ਪੱਛਮੀ

(ਸ) ਪੂਰਬੀ

3 ਫ਼ੀਰੋਜ਼ਦੀਨ ਸ਼ਰਫ਼ ਆਪਣੇ-ਆਪ ਨੂੰ ਕੀ ਕਹਿਣ ਤੋਂ ਸੰਗਦਾ ਨਹੀਂ ਹੈ ?

(ੳ) ਪੰਜਾਬੀ

(ਅ) ਕਿਸਾਨ

(ੲ) ਸ਼ਿਕਾਰੀ

(ਸ) ਅਧਿਆਪਕ

4 ਬੀਜੀ ਨੂੰ ਕੀ ਚਾਹੀਦਾ ਹੈ?

ੳ) ਪੋਤਾ

ਅ) ਪੋਤੀ

ੲ) ਪੈਸੇ

ਸ) ਜ਼ਮੀਨ

5 ਸਰਕਾਰੀ ਦਫ਼ਤਰ ਵਿੱਚ ਅਸਿਸਟੈਂਟ ਕੌਣ ਹੈ ?

(ੳ) ਕਿਸ਼ੋਰ ਚੰਦ

(ਅ) ਹਰੀ ਚੰਦ

(ੲ) ਮੌਨਧਾਰੀ

(ਸ) ਮਦਨ ਲਾਲ

6 'ਸਿਰਜਣਾ' ਦੇ ਘਰ ਪਹਿਲਾਂ ਕਿਹੜੀ ਔਲਾਦ ਸੀ ?

(ੳ) ਇੱਕ ਲੜਕਾ

(ਅ) ਇਕ ਲੜਕੀ

(ੲ) ਦੋ ਲੜਕੀਆਂ

(ਸ) ਦੋ ਲੜਕੇ

**14** ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ)

4x1=4

i) ਪਾਲੀ ਹਸਪਤਾਲ ਵਿੱਚ ਕੀ ਲੱਗੀ ਹੋਈ ਸੀ?

ii) ਲਖ਼ਪਤ ਰਾਏ ਕਿਹੋ ਜਿਹਾ ਇਨਸਾਨ ਸੀ?

iii) ਬੇਬੇ ਦਾ ਵਿਆਹ ਕਿੰਨੀ ਉਮਰ ਵਿੱਚ ਹੋਇਆ ਸੀ?

IV) ਲੇਖਕ ਦਾ ਪਿੰਡ ਕਿੱਥੇ ਸੀ? ਮੁੜ ਵੇਖਿਆ ਪਿੰਡ ਲੇਖ ਦੇ ਅਧਾਰ ਤੇ ਦੱਸੋ।

V) ਪਿੰਡ ਵਿੱਚ ਤਾਏ ਮਨਸਾ ਰਾਮ ਨੂੰ ਸਾਰੇ ਕੀ ਕਹਿ ਕੇ ਬੁਲਾਉਂਦੇ ਸਨ ?

**15** ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ)

7x2=14

i) ਬੀਜੀ ਸਿਰਜਣਾ ਦੇ ਨਾ ਮੰਨਣ ਤੇ ਉਸਨੂੰ ਕੀ ਧਮਕੀ ਦਿੰਦੀ ਹੈ?

i i) ਕਿਸ਼ੋਰ ਅਖ਼ਬਾਰ ਦੀ ਕਿਹੜੀ ਖ਼ਬਰ ਹਰੀ ਚੰਦ ਨੂੰ ਦੱਸਦਾ ਹੈ?

i i i) ਪਾਲੀ ਨੂੰ ਬੱਸ ਦਾ ਸਫ਼ਰ ਕਿਉਂ ਚੰਗਾ ਨਹੀਂ ਸੀ ਲੱਗਦਾ?

IV) ਕਪੂਰ ਸਿੰਘ ਨੇ ਇਲਾਜ ਬਾਰੇ ਪੁੱਛਿਆ ਤਾ ਦਰਬਾਰੇ ਨੇ ਕੀ ਕਿਹਾ?

V) ਬੇਬੇ ਲੇਖਕ ਦੀ ਮਾਮੀ ਬਾਰੇ ਕੀ ਦੱਸਦੀ ਹੈ?

VI) ਕਿਹੜੀਆਂ ਬੁਰੀਆਂ ਆਦਤਾਂ ਛੱਡਣ ਨਾਲ ਖੁਸ਼ੀ ਮਿਲਦੀ ਹੈ?

VII) ਜਦੋਂ ਲੇਖਕ ਤਾਏ ਨੂੰ ਮਿਲਿਆ ਤਾਂ ਉਹ ਕੀ ਕਰ ਰਿਹਾ ਸੀ?

VIII) ਦੋਸਤ ਮੁਹੰਮਦ ਖਾਂ ਕੌਣ ਸੀ? ਉਸ ਨੂੰ ਵੇਖ ਕੇ ਲੇਖਕ ਨੂੰ ਕੀ ਲੱਗਿਆ।

**16** ਕਵਿਤਾ ਤੇ ਵਾਰਤਕ ਵਿੱਚੋਂ ( ਉੱਤਰ 50-60 ਸ਼ਬਦਾਂ ਵਿੱਚ ਦਿਓ) 2x4=8

i)ਕਵੀ ਪੁਰਾਣੀ ਤਹਿਜ਼ੀਬ ਅਤੇ ਨਵੀਂ ਤਹਿਜ਼ੀਬ ਬਾਰੇ ਕੀ-ਕੀ ਗੱਲਾਂ ਕਰਦਾ ਹੈ ?

ਜਾਂ

ਕਵੀ ਨੇ ਬਸੰਤ ਦੇ ਮੌਸਮ ਤੇ ਵਿਸਾਖੀ ਦੇ ਮੇਲੇ ਦਾ ਕਿਹੋ ਜਿਹਾ ਦ੍ਰਿਸ਼ ਚਿਤਰਿਆਂ ਰਿਹਾ ਹੈ?

i i) ਵਹਿਮੀ ਤਾਇਆ ਲੇਖ ਦਾ ਕੀ ਉਦੇਸ਼ ਹੈ? ਢੁਕਵਾਂ ਉੱਤਰ ਦਿਓ ।

ਜਾਂ

ਬੇਬੇ ਆਪਣੇ ਪੁੱਤਰਾਂ ਤੇ ਰਿਸ਼ਤੇਦਾਰਾਂ ਵਿਚਕਾਰ ਇੱਕ ਕੜੀ ਦਾ ਕੰਮ ਕਰਦੀ ਹੈ ਕਿਵੇਂ?

**17.** ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50- 60 ਸ਼ਬਦਾਂ ਵਿੱਚ ਦਿਓ) 1x4=4 1

ਮਦਨ ਲਾਲ ਦਾ ਪਾਤਰ- ਚਿੱਤਰਨ ਆਪਣੇ ਸ਼ਬਦਾਂ ਵਿੱਚ ਲਿਖੋ

ਜਾਂ

ਕੁਲਦੀਪ ਸਿਰਜਣਾ ਨੂੰ ਫ਼ੋਨ 'ਤੇ ਕਿਸ ਦੀ ਮਰਜ਼ੀ ਅਨੁਸਾਰ ਚੱਲਣ ਲਈ ਕਹਿੰਦਾ ਹੈ ਤੇ ਕਿਉਂ?